a2zpapers.com

**Exam. Code : 107701**
**Subject Code : 1871**

**Bachelor of Food Science & Technology (Hons.) 1st Semester**

**PUNJABI COMPULSORY**

**Paper–FST-102 (i)**

Time Allowed—3 Hours] [Maximum Marks—50

**ਨੋਟ :** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਵਿਦਿਆਰਥੀ ਲਈ ਹਰੇਕ ਭਾਗ ਵਿੱਚੋਂ **ਇੱਕ** ਪ੍ਰਸ਼ਨ ਹੱਲ ਕਰਨਾ ਲਾਜ਼ਮੀ ਹੈ, ਜਦਕਿ **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ।

**ਭਾਗ—ਪਹਿਲਾ**

1. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਪੇਸ਼ ਕਰੋ :

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ,
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ।
ਘਰਾਂ ਤੋਂ ਨਿਕਲਣਾ ਕੰਮ ਤੇ,
ਤੇ ਕੰਮ ਤੋਂ ਘਰ ਜਾਣਾ।
ਸਭ ਤੋਂ ਖ਼ਤਰਨਾਕ ਹੁੰਦਾ ਹੈ,
ਸਾਡੇ ਸੁਪਨਿਆਂ ਦਾ ਮਰ ਜਾਣਾ। 10

2. 'ਖ਼ਨਗਾਹੀ ਦੀਵਾ ਬਾਲਦੀਏ' ਕਵਿਤਾ ਦਾ ਸਾਰ ਲਿਖੋ। 10



www.a2zpapers.com www.a2zpapers.com
oad free old Question papers gndu, ptu hp board, punjab

a2zpapers.com

## ਭਾਗ—ਦੂਜਾ

3. 'ਹਵਾ ਵਿੱਚ ਗਰਜ' ਨਿਬੰਧ ਦਾ ਸਾਰ ਪੇਸ਼ ਕਰੋ। 10

4. 'ਗੁਰੂ ਕਾ ਬਾਗ ਅਤੇ ਮੁਲਤਾਨ' ਨਿਬੰਧ ਦੀ ਲਿਖਣ-ਸ਼ੈਲੀ ਬਿਆਨ ਕਰੋ। 10

## ਭਾਗ—ਤੀਜਾ

5. 'ਨਿਮਰਤਾ ਸਫ਼ਲਤਾ ਦੀ ਸੂਚਕ ਹੈ' ਵਿਸ਼ੇ ਉੱਤੇ ਪੈਰ੍ਹਾ ਰਚਨਾ ਪੇਸ਼ ਕਰੋ। 10

6. ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

ਸਾਡਾ ਮਧਕਾਲੀਨ ਪਿੰਡ ਆਰਥਕ ਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ ਇੱਕ ਸਵੈ ਸੰਪੰਨ ਇਕਾਈ ਹੈ। ਇਥੇ ਵਿਅਕਤੀ ਆਪਣੇ ਪਰਿਵਾਰ ਅਧੀਨ ਹੈ ਤੇ ਪਰਿਵਾਰ ਸਮੁੱਚੇ ਭਾਈਚਾਰੇ ਅਧੀਨ ਹੈ। ਇਸ ਪਿੰਡ ਦੇ ਜੀਵਨ ਦੀ ਛੋਟੀ ਇਕਾਈ ਵਿਅਕਤੀ ਨਹੀਂ, ਪਰਿਵਾਰ ਹੈ। ਪਿੰਡ ਦੀ ਸਰਵਉੱਚ ਸੱਤਾ ਹੈ ਭਾਈਚਾਰਾ। ਸਾਡੀ ਇਸ ਪਿੰਡ ਦੀ ਸੰਸਕ੍ਰਿਤੀ ਦਾ ਇੱਕ ਗੌਰਵਮਈ ਪੱਖ ਹੈ, ਭਾਈਚਾਰਿਆਂ ਵਿੱਚ ਬੱਝਾ ਹੋਇਆ ਸੱਭਿਆਚਾਰਕ ਜੀਵਨ। ਇਥੇ ਇੱਕ ਵਿਅਕਤੀ ਦੇ ਦੁੱਖ-ਸੁੱਖ ਤੇ ਮਾਣ-ਮਰਿਆਦਾ ਹੀ ਸਮੁੱਚੇ ਪਿੰਡ ਦੀ ਪਛਾਣ ਤੇ ਪ੍ਰਾਪਤੀ ਹੈ। ਮਾਨਵਕਾਰੀ ਕੀਮਤਾਂ ਦੇ ਲੜ ਲੱਗੇ ਅਜਿਹੇ ਭਾਈਚਾਰਕ ਜੀਵਨ ਵਿੱਚੋਂ ਅਸੀਂ ਅੱਜ ਪੰਜਾਬੀਆਂ ਦੀ ਪਛਾਣ ਲੱਭ ਸਕਦੇ ਹਾਂ। ਸਾਡੇ ਲੋਕ-ਗੀਤਾਂ ਨੇ ਇਸ ਪੰਜਾਬ ਨੂੰ ਆਪਣੇ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਸੀਨਿਆਂ ਵਿੱਚ ਸੰਭਾਲਿਆ ਹੋਇਆ ਹੈ। ਇਸ ਲਈ ਲੋਕ ਗੀਤ ਸਾਨੂੰ ਪੰਜਾਬੀ ਮਨ ਦੇ ਮੂਲ ਦੀ ਪਹਿਚਾਣ ਕਰਵਾਉਂਦੇ ਹਨ। ਅੱਜ ਜਦੋਂ ਅਸੀਂ ਸੱਭਿਆਚਾਰਕ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਸਾਨੂੰ ਆਪਣੀਆਂ ਜੜ੍ਹਾਂ ਦੀ ਸਾਂਝ ਪਛਾਣਨ ਦੀ ਲੋੜ ਹੈ।

(1) ਸਾਡੇ ਮਧਕਾਲੀਨ ਪਿੰਡਾਂ ਵਿੱਚ ਵਿਅਕਤੀ, ਪਰਿਵਾਰ ਤੇ ਭਾਈਚਾਰਾ ਕਿਸ ਤਰ੍ਹਾਂ ਦੇ ਸੰਬੰਧਾਂ ਵਿੱਚ ਬੱਝੇ ਹੋਏ ਹਨ ?

(2) ਲੇਖਕ ਅਨੁਸਾਰ ਸੰਸਕ੍ਰਿਤੀ ਦਾ ਗੌਰਵਮਈ ਪੱਖ ਕਿਹੜਾ ਹੈ ?

(3) ਪੰਜਾਬੀਅਤ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ ?

(4) ਪੰਜਾਬੀ ਮਨ ਦੀ ਮੂਲ ਪਛਾਣ ਕਿਵੇਂ ਹੋ ਸਕਦੀ ਹੈ ?

(5) ਅੱਜ ਦੇ ਸਮੇਂ ਸਾਨੂੰ ਆਪਣੇ ਵਿਰਸੇ ਵੱਲ ਵੇਖਣ ਦੀ ਲੋੜ ਕਿਉਂ ਹੈ ? 10

## ਭਾਗ—ਚੌਥਾ

7. 'ਉਚਾਰਨ ਅੰਗਾਂ' ਉੱਤੇ ਨੋਟ ਲਿਖੋ। 10

8. 'ਭਾਸ਼ਾ ਵੰਨਗੀਆਂ' ਬਾਰੇ ਜਾਣਕਾਰੀ ਦਿਉ। 10



www.a2zpapers.com www.a2zpapers.com
oad free old Question papers gndu, ptu hp board, punjab